# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ



## ਮੱਛੀ ਪਾਲਣ ਵਿਭਾਗ ਪਟਿਆਲਾ ਨੇ ਮਨਾਇਆ ਰਾਸ਼ਟਰੀ ਮੱਛੀ ਪਾਲਕ ਦਿਵਸ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 10 ਜੁਲਾਈ:ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆ ਦੀ ਰਹਿਨੁਮਾਈ ਹੇਠ ਅਤੇ ਡਾਇਰੈਕਟਰ ਅਤੇ ਵਾਰਡਨ ਮੱਛੀ ਪਾਲਣ ਵਿਭਾਗ ਪੰਜਾਬ ਸ. ਹਰਦੇਵ ਸਿੰਘ ਗਿੱਲ ਦੇ ਦਿਸ਼ਾ ਨਿਰਦੇਸਾ ਅਨੁਸਾਰ ਮਿਤੀ 10 ਜੁਲਾਈ 2026 ਨੂੰ ਦਫਤਰ ਸਹਾਇਕ ਡਾਇਰੈਕਟਰ ਮੱਛੀ ਪਾਲਣ ਪਟਿਆਲਾ, ਵਿਖੇ ਰਾਸ਼ਟਰੀ ਮੱਛੀ ਪਾਲਕ ਦਿਵਸ ਮਨਾਇਆ ਗਿਆ।

ਸ੍ਰੀ ਗੁਰਜੀਤ ਸਿੰਘ, ਸਹਾਇਕ ਡਾਇਰੈਕਟਰ ਮੱਛੀ ਪਾਲਣ ਪਟਿਆਲਾ ਨੇ ਦੱਸਿਆ ਕਿ ਇਸ ਦਿਨ ਦੀ ਮਹੱਤਤਾ ਇਹ ਹੈ ਕਿ ਇਸ ਦਿਨ 10 ਜੁਲਾਈ 1957 ਨੂੰ ਦੋ ਭਾਰਤੀ ਵਿਗਿਆਨਕਾਂ ਡਾ. ਹੀਰਾ ਲਾਲ ਚੌਧਰੀ ਅਤੇ ਡਾਕਟਰ ਕੇ.ਐਚ. ਏਲਕੁਨੀ ਨੇ ਮੱਛੀਆਂ ਵਿੱਚ ਇੰਡਿਊਸਡ ਬਰੀਡਿੰਗ ਤਕਨੀਕ ਦੀ ਖੋਜ਼ ਕੀਤੀ ਸੀ ਉਨ੍ਹਾਂ ਦੀ ਯਾਦ ਵਿੱਚ ਹੀ ਇਹ ਦਿਵਸ ਮਨਾਇਆ ਜਾਂਦਾ ਹੈ।

ਇਸ ਦਿਵਸ ਮੌਕੇ ਪਟਿਆਲਾ ਜਿਲ੍ਹੇ ਦੇ ਮੱਛੀ ਪਾਲਕ/ਕਿਸਾਨਾਂ ਅਤੇ ਮੱਛੀ ਵਿਕਰੇਤਾਵਾਂ ਨੇ ਭਾਗ ਲਿਆ। ਇਸ ਮੌਕੇ ਸਹਾਇਕ ਡਾਇਰੈਕਟਰ ਮੱਛੀ ਪਾਲਣ, ਪਟਿਆਲਾ ਵੱਲੋਂ ਸਾਰੇ ਕਿਸਾਨਾਂ ਨੂੰ ਜੀ ਆਇਆ ਕਹਿੰਦੇ ਹੋਏ ਰਾਸ਼ਟਰੀ ਮੱਛੀ ਪਾਲਕ ਦਿਵਸ ਦੀ ਵਧਾਈ ਦਿੱਤੀ ਅਤੇ ਦੱਸਿਆ ਗਿਆ ਕਿ ਕਿਵੇਂ ਉਹ ਮੱਛੀ ਪਾਲਣ ਦੇ ਧੰਦੇ ਨੂੰ ਅਪਣਾ ਕਿ ਆਪਣੀ ਆਮਦਨ ਨੂੰ ਦੁੱਗਣਾ ਕਰ ਸਕਦੇ ਹਨ ਉਨ੍ਹਾਂ ਦੱਸਿਆ ਕਿ ਉਹ ਮੱਛੀ ਪਾਲਣ ਦੇ ਧੰਦੇ ਦੇ ਨਾਲ ਮੱਛੀ ਤਲਾਬ ਦੇ ਬੰਨਾਂ ਤੇ ਸਬਜੀਆਂ ਦੀ ਕਾਸ਼ਤ ਕਰ ਕੇ ਵਧੇਰੇ ਮੁਨਾਫਾ ਕਮਾ ਸਕਦੇ ਹਨ।

ਇਸ ਮੌਕੇ ਕਿਸਾਨ ਵੀਰਾਂ ਵੱਲੋਂ ਮੱਛੀ ਪੂੰਗ ਫਾਰਮ ਤੇ ਮੱਛੀ ਪੂੰਗ ਦੀ ਪੈਦਾਵਾਰ ਦੀ ਤਕਨੀਕ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ। ਇਸ ਸਮੇਂ ਸ੍ਰੀਮਤੀ ਵੀਰਪਾਲ ਕੌਰ ਜ਼ੋੜਾ, ਸੀਨੀਅਰ ਮੱਛੀ ਪਾਲਣ ਅਫਸਰ, ਪਟਿਆਲਾ ਵੱਲੋਂ ਮੱਛੀ ਪਾਲਣ ਵਿਭਾਗ ਵੱਲੋਂ ਮੱਛੀ ਪਾਲਕਾਂ ਨੂੰ ਦਿੱਤੀਆਂ ਜਾਂਦੀਆਂ ਤਕਨੀਕੀ ਅਤੇ ਵਿੱਤੀ ਸਹੂਲਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਜਿਸ ਵਿੱਚ ਪੀ.ਐਮ.ਐਮ.ਐਸ.ਵਾਈ. ਸਕੀਮ ਅਧੀਨ ਆਉਂਦੇ ਸਾਰੇ ਪ੍ਰੋਜੈਕਟਾਂ ਜਿਵੇਂ ਕਿ ਬਾਇਓਫਲਾਕ ਯੂਨਿਟ, ਨਵੇਂ ਤਲਾਬਾਂ ਦੀ ਪੁਟਾਈ, ਮੋਟਰ ਸਾਈਕਲ ਸਮੇਤ ਆਈਸ ਬਾਕਸ ਅਤੇ ਰੀ—ਸਰਕੁਲੇਟਰੀ ਐਕਆਕਲਚਰ ਸਿਸਟਮ ਬਾਰੇ ਦੱਸਿਆ ਗਿਆ ਤੇ ਇਸ ਤੇ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾਂ 40 ਫੀਸਦੀ ਜਨਰਲ ਕੈਟਾਗਿਰੀ ਲਈ ਅਤੇ 60 ਫੀਸਦੀ ਐਸ.ਸੀ./ਐਸ.ਸੀ./ਔਰਤਾਂ ਲਈ ਬਾਰੇ ਜਾਣੂ ਕਰਵਾਇਆ ਤਾਂ ਜੋ ਮੱਛੀ ਪਾਲਕ ਇਸ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ। ਸ੍ਰੀ ਰਾਮ ਰਤਨ ਸਿੰਘ, ਸੀਨੀਅਰ ਮੱਛੀ ਪਾਲਣ ਅਫਸਰ ਵੱਲੋਂ ਮੱਛੀ ਦੀ ਬ੍ਰੀਡਿੰਗ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਜੀ ਵੱਲੋਂ ਰਾਸ਼ਟਰੀ ਮੱਛੀ ਪਾਲਕ ਦਿਵਸ ਸਬੰਧੀ ਮੱਛੀ ਪਾਲਕਾਂ ਨੂੰ ਭੇਜਿਆ ਗਿਆ ਸੰਦੇਸ਼ ਸ੍ਰੀ ਜਗਜੀਤ ਸਿੰਘ, ਮੱਛੀ ਪਾਲਣ ਅਫਸਰ ਵੱਲੋਂ ਮੱਛੀ ਕਿਸਾਨਾਂ ਨੂੰ ਪੜ੍ਹ ਕੇ ਸੁਣਾਇਆ ਗਿਆ।

## ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਬਾਲ ਲੇਖਕਾਂ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼

ਫ਼ਤਹਿਗੜ੍ਹ ਸਾਹਿਬ 10 ਜੁਲਾਈ : ਅੰਤਰਰਾਸ਼ਟਰੀ ਪੱਧਰ ਦੇ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਸਰਕਾਰੀ ਹਾਈ ਸਕੂਲ ਬੜੈਚਾਂ (ਅਮਲੋਹ) ਦੇ ਨਵੇਂ ਬਾਲ ਲੇਖਕਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਦੀਆਂ ਰਚਨਾਵਾਂ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਛਪੀ ਦੂਸਰੀ ਕਿਤਾਬ ਭਾਗ ਨੰਬਰ 67 ਵਿੱਚ ਛਪ ਚੁੱਕੀਆਂ ਹਨ। ਇਹਨਾਂ ਬਾਲ ਲੇਖਕਾਂ ਨੂੰ ਕਿਤਾਬ ਦੇ ਨਾਲ ਮੈਡਲ, ਸਰਟੀਫਿਕੇਟ ਵੀ ਭੇਂਟ ਕੀਤੇ ਗਏ। ਜਿਕਰਯੋਗ ਹੈ ਕਿ ਇਹ ਪ੍ਰੋਜੈਕਟ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਜੀ ਵੱਲੋਂ ਦੁਨੀਆਂ ਭਰ ਦੇ ਦੇਸ਼ਾ-ਵਿਦੇਸ਼ਾਂ ਬੜੇ ਉੱਧਮ ਨਾਲ ਚਲਾਇਆ ਜਾ ਰਿਹਾ ਹੈ ਜਿਸਦਾ ਮੁੱਖ ਮਕਸਦ ਬੱਚਿਆਂ ਅੰਦਰਲੀ ਪ੍ਰਤੀਭਾ ਨੂੰ ਉਜਾਗਰ ਕਰਨਾ ਉਹਨਾਂ ਦੀ ਕਲਪਨਾ ਸ਼ਕਤੀ ਦਾ ਵਿਕਾਸ ਅਤੇ ਸੁਖਮ ਅਹਿਸਾਸ ਨੂੰ ਕਲਮ ਦੇ ਜਰੀਏ ਇੱਕ ਕਿਤਾਬ ਰੂਪ ਵਿੱਚ ਸਾਂਭ ਕੇ ਨਵੇਂ ਵਿਚਾਰਾਂ ਨੂੰ ਨਵੀਂ ਉਡਾਣ ਦੇਣਾ ਹੈ ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਛਪਾਲ ਸਿੰਘ ਰੈਸਲ ਨੇ ਸਰ ਸੁੱਖੀ ਬਾਠ ਅਤੇ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਦਾ ਵਿਸੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਇਸ ਉਪਰਾਲੇ ਸਦਕਾ ਬੱਚਿਆਂ ਨੂੰ ਸਾਹਿਤਕ ਚੇਟਕ ਲੱਗ ਰਹਿਣ ਹੈ ਅਤੇ ਉਹ ਮੋਬਾਇਲ ਛੱਡ ਮੁੜ ਕਿਤਾਬਾਂ ਦਾ ਪੱਲਾ ਫੜ੍ਹ ਰਹੇ ਹਨ ਜਿਸਦੀ ਕਿ ਅੱਜ ਬਹੁਤ ਜਰੂਰਤ ਵੀ ਮਹਿਸੂਸ ਹੋ ਰਹੀ ਹੈ। ਸਾਡੇ ਕਿਤਾਬੀ ਸੱਭਿਆਚਾਰ ਨੂੰ ਸੰਭਾਲਣ ਅਤੇ ਨਵੇਂ ਪਾਠਕ ਲੇਖਕ ਪੈਦਾ ਕਰਨ ਵਿੱਚ ਇਹ ਕਦਮ ਸਾਹਿਤਕ ਖੇਤਰ ਵਿੱਚ ਨਵੀਂ ਲੀਹ ਵਾਹੇਗਾ। ਜਿਸ ਨਾਲ ਸਾਡੀ ਪੰਜਾਬੀ ਮਾਂ ਬੋਲੀ ਦਾ ਦਾਇਰਾ ਹੋਰ ਵਿਸ਼ਾਲ ਹੋਵੇਗਾ ਇਸ ਮੌਕੇ ਤੇ ਜਿਲ੍ਹਾ ਪ੍ਰਧਾਨ ਰਛਪਾਲ ਸਿੰਘ ਰੈਸਲ ਸਮੇਤ ਸਕੂਲ ਇੰਚਾਰਜ ਸ੍ਰੀ ਅੱਛਰ ਸਿੰਘ, ਮੈਡਮ ਕਮਲਜੀਤ ਕੌਰ, ਨਵਜੋਤ ਕੌਰ, ਰੇਖਾ ਰਾਣੀ ਗਗਨਦੀਪ ਕੌਰ, ਕਿਰਨਦੀਪ ਕੌਰ, ਮਨਜੀਤ ਕੌਰ,ਪਰਵੀਨ ਕੁਮਾਰ ਹਰਪ੍ਰਕਾਸ਼ ਸਿੰਘ, ਰਮੇਸ਼ ਕੁਮਾਰ ਹਰਮਨਪ੍ਰੀਤ ਸਿੰਘ ਸਮੇਤ ਪਿਆਰੇ ਬੱਚੇ ਹਾਜ਼ਰ ਸਨ।



## ਏ ਡੀ ਸੀ ਨੇ 30 ਜੁਲਾਈ ਤੋਂ ਕਰਵਾਈ ਜਾਣ ਵਾਲੀ ਅਗਨੀਵੀਰ ਰੈਲੀ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 10 ਜੁਲਾਈ:(ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀਮਤੀ ਅਨੁਪ੍ਰਿਤਾ ਜੌਹਲ ਨੇ ਰਾਜਾ ਭਲਿੰਦਰ ਸਿੰਘ ਸਪੋਰਟਸ ਸਟੇਡੀਅਮ, ਪਟਿਆਲਾ ਵਿਖੇ 30 ਜੁਲਾਈ ਤੋਂ 10 ਅਗਸਤ, 2026 ਤੱਕ ਹੋਣ ਵਾਲੀ ਪੰਜਾਬ ਦੀ ਸਭ ਤੋਂ ਵੱਡੀ ਅਗਨੀਵੀਰ ਭਰਤੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

ਇਸ ਮੌਕੇ ਸ੍ਰੀਮਤੀ ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਉਪਲਬਧ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭਰਤੀ ਰੈਲੀ ਨੂੰ ਸਫਲਤਾਪੂਰਵਕ ਕਰਵਾਉਣ ਲਈ ਭਾਰਤੀ ਫੌਜ ਨੂੰ ਹਰ ਤਰ੍ਹਾਂ ਦਾ ਲੋੜੀਂਦਾ ਪ੍ਰਸ਼ਾਸਨਿਕ ਅਤੇ ਬੁਨਿਆਦੀ ਸਹਿਯੋਗ ਮੁੱਹਈਆ ਕਰਵਾਇਆ ਜਾਵੇਗਾ। ਉਨ੍ਹਾਂ ਵੱਖ-ਵੱਖ ਵਿਭਾਗਾਂ ਨੂੰ ਰੈਲੀ ਦੌਰਾਨ ਸੁਚੱਜੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ।

ਏ ਡੀ ਸੀ ਨੇ ਕਿਹਾ ਕਿ ਇਹ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦਾ ਇਕ ਸੁਨਹਿਰੀ ਮੌਕਾ ਹੈ। ਓਹਨਾ ਦਸਿਆ ਕਿ ਇਸ ਭਰਤੀ ਰੈਲੀ ਦਾ ਆਯੋਜਨ ਪਟਿਆਲਾ ਸਿਵਲ ਪ੍ਰਸ਼ਾਸਨ ਅਤੇ ਆਰਮੀ ਰਿਕਰੂਟਿੰਗ ਦਫ਼ਤਰ (ਏ.ਆਰ.ਓ.), ਪਟਿਆਲਾ ਵੱਲੋਂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਡਾਇਰੈਕਟਰ ਭਰਤੀ, ਆਰਮੀ ਭਰਤੀ ਦਫ਼ਤਰ, ਪਟਿਆਲਾ ਨੇ ਕਿਹਾ ਕਿ ਪੰਜਾਬ ਦੀ ਪਹਿਲੀ ਅਤੇ ਸਭ ਤੋਂ ਵੱਡੀ ਭਰਤੀ ਰੈਲੀ ਹੋਣ ਦੇ ਕਾਰਨ ਭਰਤੀ ਪ੍ਰਕਿਰਿਆ ਨੂੰ ਸਭ ਤੋਂ ਵੱਧ ਪਾਰਦਰਸ਼ੀ, ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਪੀ ਏ ਯੂ ਵਿਖੇ ਪਾਣੀ ਅਤੇ ਭੂਮੀ ਸੰਭਾਲ ਅਧਿਕਾਰੀਆਂ ਦੀ ਗੋਸ਼ਟੀ ਵਿਚ ਸਰੋਤਾਂ ਦੀ ਸੰਭਾਲ ਬਾਰੇ ਵਿਚਾਰਾਂ ਹੋਈਆਂ

### ਵਾਈਸ ਚਾਂਸਲਰ ਨੇ ਭੂਮੀ ਅਤੇ ਪਾਣੀ ਸਾਂਭਣ ਲਈ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਅਪਣਾਉਣ ਦਾ ਸੱਦਾ ਦਿੱਤਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 10 ਜੁਲਾਈ : ਅੱਜ ਪੀ ਏ ਯੂ ਦੇ ਡਾਇਰੈਕਟੋਰੇਟ ਪਸਾਰ ਸਿੱਖਿਆ ਵਲੋਂ ਭੂਮੀ ਅਤੇ ਪਾਣੀ ਸੰਭਾਲ ਲਈ ਇੱਕ ਰੋਜ਼ਾ ਖੋਜ ਅਤੇ ਪਸਾਰ ਮਾਹਿਰਾਂ ਦੀ ਗੋਸ਼ਟੀ ਆਯੋਜਿਤ ਕੀਤੀ ਗਈ। ਇਸ ਵਿੱਚ ਕੁੱਲ 265 ਖੋਜ ਅਤੇ ਪਸਾਰ ਵਿਗਿਆਨੀਆਂ ਤੋਂ ਇਲਾਵਾ ਰਾਜ ਦੇ ਭੂਮੀ ਅਤੇ ਪਾਣੀ ਸੰਭਾਲ ਅਧਿਕਾਰੀਆਂ ਨੇ ਹਿੱਸਾ ਲੈ ਕੇ ਚਲੰਤ ਮੁੱਦਿਆਂ ਬਾਰੇ ਚਰਚਾ ਨੂੰ ਅਗਾਂਹ ਤੋਰਿਆ। ਉਦਘਾਟਨੀ ਭਾਸ਼ਣ ਵਿੱਚ ਮੁੱਖ ਮਹਿਮਾਨ ਅਤੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਪਾਣੀ, ਭੂਮੀ, ਜਲਵਾਯੂ ਅਤੇ ਵਾਤਾਵਰਣ ਦੇ ਵਿਗਾੜ ਨਾਲ ਸਬੰਧਤ ਸਮੱਸਿਆਵਾਂ ‘ਤੇ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਭਾਰਤੀ ਆਬਾਦੀ ਦੇ ਲਗਾਤਾਰ ਵਾਧੇ ਦੇ ਮੱਦੇਨਜ਼ਰ ਭੋਜਨ ਅਤੇ ਪੌਸ਼ਟਿਕ ਸੁਰੱਖਿਆ ਵੱਲ ਧਿਆਨ ਕੇਂਦਰਿਤ ਕਰਨ ਲਈ ਵਿਗਿਆਨੀਆਂ ਨੂੰ ਪ੍ਰੇਰਿਆ। ਪਾਣੀ ਸੰਭਾਲ ਤਕਨਾਲੋਜੀਆਂ ਦਾ ਹਵਾਲਾ ਦਿੰਦੇ ਹੋਏ ਡਾ ਗੋਸਲ ਨੇ ਲੇਜ਼ਰ ਲੈਂਡ ਲੈਵਲਰ ਕਰਾਹਾ, ਬੈਂਡਾਂ ਉੱਪਰ ਬਿਜਾਈ, ਜਲਦ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ , ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ, ਮੀਂਹ ਦੇ ਪਾਣੀ ਦੀ ਸੰਭਾਲ, ਨੀਮ ਪਹਾੜੀ ਖੇਤਰ ਵਿੱਚ ਮੀਂਹ ਦੇ ਪਾਣੀ ਨੂੰ ਇੱਕਤਰ ਕਰਨ ਦੇ ਨਾਲ ਨਾਲ ਸੈਂਸਰ-ਅਧਾਰਤ ਸਿੰਚਾਈ ਪ੍ਰਣਾਲੀ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਪੰਜਾਬ ਵਿੱਚ ਸੂਖਮ ਸਿੰਚਾਈ ਵਿਧੀਆਂ ਲਈ ਯੂਨੀਵਰਸਿਟੀ ਵਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਆਸਵੰਦੀ ਪ੍ਰਗਟ ਕੀਤੀ। ਵਾਈਸ ਚਾਂਸਲਰ ਨੇ ਦੱਸਿਆ ਕਿ ਪੀ ਏ ਯੂ ਨੇ 990 ਫਸਲਾਂ ਦੀਆਂ ਕਿਸਮਾਂ ਦਾ ਵਿਕਾਸ ਕੀਤਾ ਹੈ ਜਿਨ੍ਹਾਂ ਵਿਚੋਂ ਢਾਈ ਸੌ ਤੋਂ ਵੱਧ ਰਾਸ਼ਟਰੀ ਪੱਧਰ ਤੇ ਕਾਸ਼ਤ ਲਈ ਪ੍ਰਵਾਨ ਹੋਈਆਂ। ਉਨ੍ਹਾਂ ਕਿਹਾ ਕਿ ਆਪਣੀ ਸਥਾਪਨਾ ਦੇ 63 ਸਾਲ ਪੂਰੇ ਕਰਨ ਵਾਲੀ ਸੰਸਥਾ ਨੇ ਖੇਤੀ ਖੋਜ, ਪਸਾਰ ਅਤੇ ਸਿੱਖਿਆ ਦੇ ਖੇਤਰ ਵਿਚ ਲਾਮਿਸਾਲ ਕਾਰਜ ਨੂੰ ਅੰਜਾਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਨੂੰ ਸੁਹਣਾ ਬਣਾਉਣ ਲਈ ਕੁਦਰਤੀ ਸਰੋਤਾਂ ਦੀ ਸੰਭਾਲ ਅੱਜ ਦੀ ਚੁਣੌਤੀ ਹੈ ਤੇ ਇਸ ਸਿਲਸਿਲੇ ਵਿਚ ਪੀ ਏ ਯੂ ਦੀਆਂ ਸਿਫਾਰਿਸ਼ਾਂ ਉੱਪਰ ਅਮਲ ਕਰਨ ਬੜਾ ਕਾਰਗਰ ਰਸਤਾ ਹੈ।

ਭੂਮੀ ਅਤੇ ਪਾਣੀ ਦੀ ਮਹੱਤਤਾ ‘ਤੇ ਜ਼ੋਰ ਦਿੰਦਿਆਂ ਪੰਜਾਬ ਦੇ ਮੁੱਖ ਭੂਮੀ ਸੰਭਾਲ ਅਧਿਕਾਰੀ ਸ੍ਰੀ ਮਹਿੰਦਰ ਸਿੰਘ ਨੇ ਸਿੰਚਾਈ ਲਈ ਨਹਿਰੀ ਪਾਣੀ ਅਤੇ ਤਲਾਬਾਂ ਦੇ ਪਾਣੀ ਦੀ ਵਧਦੀ ਵਰਤੋਂ ‘ਤੇ ਚਾਨਣਾ ਪਾਇਆ। ਫਸਲੀ ਵਿਭਿੰਨਤਾ ਦੀ ਵਕਾਲਤ ਕਰਦੇ ਹੋਏ, ਉਨ੍ਹਾਂ ਨੇ ਮੌਜੂਦਾ ਜਲ ਸੰਕਟ ਦੇ ਹੱਲ ਵਜੋਂ ਸੂਖਮ-ਸਿੰਚਾਈ ਤਕਨੀਕ ਅਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਦੀ ਸਲਾਹ ਦਿੱਤੀ। ਸ੍ਰੀ ਮਹਿੰਦਰ ਸਿੰਘ ਨੇ ਪਾਣੀ ਪ੍ਰਬੰਧਨ ਲਈ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਸਬਸਿਡੀ ਯੋਜਨਾਵਾਂ ‘ਤੇ ਵੀ ਚਾਨਣਾ ਪਾਇਆ।

ਨਿਰਦੇਸ਼ਕ ਖੋਜ ਡਾ.ਅਜਮੇਰ ਸਿੰਘ ਢੱਟ ਨੇ ਵੱਖ-ਵੱਖ ਫਸਲਾਂ ਲਈ ਪਿਛਲੇ ਇਕ ਸਾਲ ਦੌਰਾਨ ਵਿਕਸਿਤ ਅਤੇ ਪ੍ਰਮਾਣਿਤ ਹੋਈਆਂ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਉੱਪਰ ਚਾਨਣਾ ਪਾਇਆ। ਕੁਦਰਤੀ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਨੂੰ ਉਤਸ਼ਾਹਿਤ ਕਰਦੇ ਹੋਏ ਉਨ੍ਹਾਂ ਨੇ ਨਵੀਆਂ ਸਿਫ਼ਾਰਸ਼ਾਂ ਜਿਵੇਂ ਕਿ ਖੁੱਲ੍ਹੇ ਸ਼ਹਿਰੀ ਖੇਤਰਾਂ ਅਤੇ ਸੜਕਾਂ ਦੇ ਕਿਨਾਰਿਆਂ ‘ਤੇ ਜ਼ਮੀਨਦੋਜ਼ ਰੀਚਾਰਜ ਅਤੇ ਹੜ੍ਹ ਦੇ ਪਾਣੀ ਪ੍ਰਬੰਧਨ ਲਈ ਬਾਇਓਰੀਟੈਂਸ਼ਨ ਸੈੱਲਾਂ ਦੀ ਸਥਾਪਨਾ, ਝੋਨੇ ਦੀ ਸਿੱਧੀ ਬਿਜਾਈ ਲਈ ਢੁਕਵੀਆਂ ਕਿਸਮਾਂ ਦੀ ਬਿਜਾਈ, ਬਦਲਵੇਂ ਫ਼ਸਲੀ ਚੱਕਰ ਫਸਲੀ ਪੈਟਰਨ (ਮੱਕੀ/ਅਰਹਰ-ਕਣਕ, ਝੋਨਾ-ਕਣਕ-ਗਰਮੀਆਂ ਦੀ ਮੂੰਗੀ ਅਤੇ ਮੱਕੀ/ਸੋਇਆਬੀਨ-ਕਣਕ-ਗਰਮੀਆਂ ਦੀ ਮੂੰਗੀ), ਕੁਦਰਤੀ ਖੇਤੀ ਵਾਲੇ ਖੇਤਾਂ ਵਿਚ ਗਰਮੀਆਂ ਦੀ ਮੂੰਗੀ ਦੀ ਕਾਸ਼ਤ ਆਦਿ ‘ਤੇ ਚਾਨਣਾ ਪਾਇਆ। ਡਾ. ਢੱਟ ਨੇ ਤੁਪਕਾ ਸਿੰਚਾਈ ਅਤੇ ਸੈਂਸਰ-ਅਧਾਰਤ ਸਿੰਚਾਈ ਨੂੰ ਬਹੁਤ ਪ੍ਰਭਾਵਸ਼ਾਲੀ ਪਾਣੀ ਸੰਭਾਲ ਤਕਨਾਲੋਜੀਆਂ ਕਿਹਾ।

ਆਪਣੇ ਸਵਾਗਤੀ ਭਾਸ਼ਣ ਵਿੱਚ, ਪੀ ਏ ਯੂ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ ਮੱਖਣ ਸਿੰਘ ਭੁੱਲਰ ਨੇ ਪਾਣੀ ਦੀ ਸੰਭਾਲ ਲਈ ਝੋਨੇ ਦੀਆਂ ਢੁਕਵੀਆਂ ਕਿਸਮਾਂ ਦੇ ਵਿਕਾਸ ਲਈ ਜ਼ਰੂਰੀ ਜਰਮਪਲਾਜ਼ਮ ਦੀ ਪਛਾਣ ਕਰਨ ‘ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਿੱਧੀ ਬਿਜਾਈ, ਭੂਮੀ ਹੇਠਲੇ ਪਾਣੀ ਦੇ ਰੀਚਾਰਜ, ਜਲਦੀ ਪੱਕਣ ਵਾਲੀਆਂ ‘ਪੀਆਰ’ ਕਿਸਮਾਂ ਦੀ ਵਰਤੋਂ ਅਤੇ ਪਾਣੀ ਨਾਲ ਸਬੰਧਤ ਸਮੱਸਿਆਵਾਂ ਨਾਲ ਨਜਿੱਠਣ ਲਈ ਮੀਂਹ ਦੇ ਪਾਣੀ ਦੀ ਸੰਭਾਲ ਦੀ ਵਕਾਲਤ ਕੀਤੀ।

ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਦੇ ਡੀਨ ਡਾ. ਮਨਮੋਹਨਜੀਤ ਸਿੰਘ ਨੇ ਗੋਸ਼ਟੀ ਵਿਚ ਸ਼ਾਮਿਲ ਹੋਏ ਵਿਦਵਾਨਾਂ ਦਾ ਸਵਾਗਤ ਕੀਤਾ।

ਅਪਰ ਨਿਰਦੇਸ਼ਕ ਸੰਚਾਰ ਡਾ ਤੇਜਿੰਦਰ ਸਿੰਘ ਰਿਆੜ ਨੇ ਸਮਾਗਮ ਦਾ ਸੰਚਾਲਨ ਕਰਦਿਆਂ ਯੂਨੀਵਰਸਿਟੀ ਵਲੋਂ ਸਰੋਤ ਸੰਭਾਲ ਲਈ ਫੈਲਾਈ ਜਾ ਰਹੀ ਜਾਗਰੂਕਤਾ ਦੇ ਹਵਾਲੇ ਨਾਲ ਸੋਸ਼ਲ ਮੀਡੀਆ ਪ੍ਰੋਗਰਾਮਾਂ ਅਤੇ ਖੇਤੀ ਸਾਹਿਤ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਕਾਮਯਾਬ ਕਿਸਾਨਾਂ ਦੀਆਂ ਕਹਾਣੀਆਂ ਹੋਰ ਲੋਕਾਂ ਤਕ ਪੁਚਾ ਕੇ ਉਨ੍ਹਾਂ ਨੂੰ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ।

ਵਰਕਸ਼ਾਪ ਦੌਰਾਨ ਦੋ ਤਕਨੀਕੀ ਸੈਸ਼ਨ ਆਯੋਜਿਤ ਕੀਤੇ ਗਏ। ਮਾਹਿਰਾਂ ਨੇ ਪੰਜਾਬ ਦੇ ਕੰਢੀ ਖੇਤਰਾਂ ਲਈ ਮਿੱਟੀ ਅਤੇ ਪਾਣੀ ਦੀ ਸੰਭਾਲ ਤਕਨਾਲੋਜੀਆਂ, ਮਿੱਟੀ ਅਤੇ ਪਾਣੀ ਦੀ ਸੰਭਾਲ ਲਈ ਭੂ-ਸਥਾਨਕ ਤਕਨੀਕਾਂ, ਪਾਣੀ ਦੀ ਬੱਚਤ ਲਈ ਏਆਈ-ਅਧਾਰਤ ਭਵਿੱਖਮੁਖੀ ਪਹੁੰਚਾਂ, ਕੰਢੀ ਖੇਤਰ ਲਈ ਮੌਸਮ ਸੂਚਨਾ ਪ੍ਰਣਾਲੀ ਦੇ ਵਿਕਾਸ, ਮਿੱਟੀ ਅਤੇ ਪਾਣੀ ਦੀ ਸੰਭਾਲ ਲਈ ਮਸ਼ੀਨਰੀ ਆਦਿ ਵਿਸ਼ਿਆਂ ‘ਤੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਬਾਅਦ ਵਿੱਚ ਭਾਗੀਦਾਰਾਂ ਨੇ ਪ੍ਰਯੋਗਾਤਮਕ ਖੇਤਰਾਂ ਦਾ ਦੌਰਾ ਕੀਤਾ।

## ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ( ਰਜਿ ਨੰ 36) ਪੰਜਾਬ ਦੀ ਸੂਬਾ ਕਮੇਟੀ ਦੀ ਹੋਈ ਮੀਟਿੰਗ

### ਦਰਜਾ ਚਾਰ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ ਸਮੇਤ ਹੋਰ ਮੰਗਾਂ ਤੇ ਕੀਤੀ ਗੰਭੀਰ ਚਰਚਾ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ



ਬਠਿੰਡਾ, 10 ਜੁਲਾਈ : ਪੀ ਡਬਲਿਊ ਡੀ ਭਵਨ ਤੇ ਮਾਰਗ ,ਜਲ ਸਪਲਾਈ ਅਤੇ ਸੈਨੀਟੇਸ਼ਨ ,ਸਿੰਚਾਈ ਤੇ ਡਰੇਨਜ ਤੇ ਸੀਵਰੇਜ ਬੋਰਡ ਦੇ ਫੀਲਡ ਮੁਲਾਜ਼ਮਾਂ ਦੀ ਜਥੇਬੰਦੀ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਰਜਿ ਨੰਬਰ 36 ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਮਲਾਗਰ ਸਿੰਘ ਖਮਾਣੋ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਜਸਵਿੰਦਰ ਸਿੰਘ ਕਾਲਚਰਾਣੀ ਨੇ ਦੱਸਿਆ ਕਿ ਮੀਟਿੰਗ ਵਿੱਚ ਵੱਖ ਵੱਖ ਜਿਲ੍ਹਿਆਂ ਤੋਂ ਸੂਬਾਈ ਤੇ ਬਰਾਂਚ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਜਥੇਬੰਦੀ ਦੀ ਐਜੈਕਟਿਵ ਕਮੇਟੀ ਦਾ ਵਿਸਥਾਰ ਕੀਤਾ ਗਿਆ ਜਿਸ ਵਿੱਚ ਪ੍ਰਸ਼ੋਤਮ ਸਿੰਘ ਚੋਹਾਨ ਸੀਨੀਅਰ ਮੀਤ ਪ੍ਰਧਾਨ ਤਰਸੇਮ ਸਿੰਘ ਅਬੋਹਰ ਨੂੰ ਮੀਤ ਪ੍ਰਧਾਨ, ਆਦਿ ਨੂੰ ਨਿਯੁਕਤ ਕੀਤਾ ਗਿਆ ।ਮੀਟਿੰਗ ਵੀ 6 ਮੈਂਬਰੀ ਡੈਪੂਟੇਸ਼ਨ ਕਮੇਟੀ ਦਾ ਗੱਠਨ ਕੀਤਾ ਗਿਆ।ਜਿਸ ਸੂਬਾ ਪ੍ਰਧਾਨ ਤੇ ਸੂਬਾ ਜਨਰਲ ਸਕੱਤਰ ਤੋਂ ਇਲਾਵਾ ਹਰਜਿੰਦਰ ਪਾਲ ਸੁਨਾਮ ਬਲਵਿੰਦਰ ਸਿੰਘ ਢਿੱਲੋਂ ਸੁਨਾਮ ਅਵਤਾਰ ਸਿੰਘ ਨਾਗਰਾ ਤਰਸੇਮ ਸਿੰਘ ਅਬੋਹਰ ਆਗੂ ਸ਼ਾਮਿਲ ਕੀਤੇ ਗਏ ।ਮੀਟਿੰਗ ਵਿੱਚ ਦਰਜਾ ਤਿੰਨ ਤੇ ਚਾਰ ਫੀਲਡ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ, ਵਿਭਾਗ ਵਿੱਚ ਲੰਮਾ ਸਮੇਂ ਤੋਂ ਕੰਮ ਕਰਦੇ ਇਨਲਿਸਟਮੈਂਟ, ਆਟਸੋਰਸਿੰਗ ਕਾਮਿਆਂ ਨੂੰ ਵਿਭਾਗ ਵਿੱਚ ਰੈਗੂਲਰ ਕਰਨ, ਪੇਂਡੂ ਜਲ ਸਪਲਾਈ ਸਕੀਮਾਂ ਦੇ ਪੰਚਾਇਤੀਕਰਨ,ਦਰਜਾ ਚਾਰ ਮੁਲਾਜ਼ਮਾਂ ਦਾ ਜਬਰੀ ਕੱਟਿਆ ਜਾ ਰਿਹਾ ਸਪੈਸ਼ਲ ਇੰਕਰੀਮੈਂਟ, ਡਵੀਜ਼ਨ ਬਠਿੰਡਾ ਦੇ ਫੀਲਡ ਮੁਲਾਜ਼ਮਾਂ ਦੀਆਂ ਰੁੱਕਿਆ ਤਨਖ਼ਾਹਾਂ ਜਾਰੀ ਕਰਵਾਉਣ ਆਦਿ ਮੰਗਾਂ ਤੇ ਵਿਸਥਾਰ ਪੂਰਕ ਚਰਚਾ ਕੀਤੀ ਗਈ। ਮੀਟਿੰਗ ਵਿੱਚ ਵਿਭਾਗੀ ਮੁਖੀ ਸਮੇਤ ਡਿਪਟੀ ਡਾਇਰੈਕਟਰ ਪ੍ਰਸ਼ਾਸਨ ਵੱਲੋਂ ਮੰਨੀਆਂ ਵਿਭਾਗੀ ਮੰਗਾ ਨੂੰ ਅਮਲ ਦੇ ਵਿੱਚ ਲਾਗੂ ਕਰਾਉਣ ਲਈ ਵਿਭਾਗੀ ਜਥੇਬੰਦੀਆਂ ਦੇ ਅਧਾਰਿਤ ਬਣੀ ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਕੈਬਨਿਟ ਮੰਤਰੀ ਸਮੇਤ ਅਧਿਕਾਰੀਆਂ ਨੂੰ ਡੈਪੂਟੇਸ਼ਨਾਂ ਰਾਹੀਂ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਜਥੇਬੰਦੀ ਦਾ ਹੋਰ ਵਿਸਥਾਰ ਕਰਨ ਲਈ , ਸਾਂਝੇ ਸੰਘਰਸ਼ਾਂ ਨੂੰ ਮਜਬੂਤ ਕਰਨ ਲਈ ਵਿਉਂਤਬੰਦੀ ਕੀਤੀ ਗਈ। ਮੀਟਿੰਗ ਵਿੱਚ ਫੈਸਲਾ ਕੀਤਾ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਸੰਘਰਸ਼ਾਂ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਰਾਹੀਂ ਜਥੇਬੰਦੀ ਦੀਆਂ ਸਾਰੀਆਂ ਬਰਾਂਚਾਂ ਭਰਵੀਂ ਸ਼ਮੂਲੀਅਤ ਕਰਨਗੀਆਂ। ਮੀਟਿੰਗ ਵਿੱਚ ਪੰਜਾਬ ਦੇ ਸਮੁੱਚੇ ਸਫਾਈ ਸੇਵਕਾਂ ਵੱਲੋਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਕੀਤੀ ਹੜਤਾਲ ਦੀ ਡਟਵੀਂ ਹਮਾਇਤ ਕਰਦਿਆਂ ਇਹਨਾਂ ਕਾਮਿਆਂ ਦੇ ਘੋਲਾਂ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ ।ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚੇ, ਕੱਚੇ ਕਾਮਿਆਂ ਵੱਲੋਂ ਰੈਗੂਲਰ ਹੋਣ ਲਈ ਕੀਤੇ ਜਾ ਰਹੇ ਸੰਘਰਸ਼ਾਂ, ਦੀ ਡਟਵੀਂ ਹਮਾਇਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸੂਬਾਈ ਆਗੂ ਅਸ਼ੋਕ ਸ਼ਰਮਾ ਬਠਿੰਡਾ ਭੂਸ਼ਣ ਗੋਇਲ ਮਾਨਸਾ ਉਮੇਦ ਸਿੰਘ ਬਿਸ਼ਟ, ਸੁਖਵਿੰਦਰ ਗੰਗਾ ਉਂਕਰ ਯਾਦਵ ਫਤਿਹਗੜ੍ਹ ਸਾਹਿਬ ਤੇ ਰੋਪੜ ਮੋਹਾਲੀ ਤੋਂ ਤਰਲੋਚਨ ਸਿੰਘ ਬਲਜੀਤ ਸਿੰਘ ਹਿੰਦੂ ਅਤੇ ਸੁਖਰਾਮ ਕਾਲੇਵਾਲ ਆਦਿ ਹਾਜਰ ਸਨ।

## ਹਰ ਹੱਥ ਨੂੰ ਹੁਨਰ, ਹਰ ਨੌਜਵਾਨ ਨੂੰ ਮੌਕਾ" ਇਹੀ ਹੈ ਕਿੱਤਾ ਮੁਖੀ ਸਿੱਖਿਆ ਦਾ ਵਾਅਦਾ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ




ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਇੱਕ ਪਾਸੇ ਨੌਜਵਾਨਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਲਗਨ ਹੈ, ਪਰ ਦੂਜੇ ਪਾਸੇ ਰੁਜ਼ਗਾਰ ਦੇ ਮੌਕੇ ਉਨ੍ਹਾਂ ਦੀਆਂ ਉਮੀਦਾਂ ਅਨੁਸਾਰ ਨਹੀਂ ਵਧੇ ਜਿਸ ਕਾਰਣ ਕਰਕੇ ਨੌਜੁਆਨੀ ਬਾਹਰਲੇ ਮੁਲਕਾਂ ਚ ਰੁਲਣ ਲਈ ਮਜ਼ਬੂਰ ਹੈ। ਸਰਕਾਰੀ ਨੌਕਰੀਆਂ ਦੀ ਗਿਣਤੀ ਸੀਮਤ ਹੈ ਜੋ ਹਰੇਕ ਨੂੰ ਮਿਲਣੀ ਸੰਭਵ ਨਹੀਂ ਤੇ ਪੰਜਾਬ ਦੀ ਰਵਾਇਤੀ ਖੇਤੀ ਆਮਦਨ ਯੋਗ ਨਹੀਂ ਰਹੀ ਅਤੇ ਉਦਯੋਗਿਕ ਵਿਕਾਸ ਵੀ ਉਮੀਦਾਂ ਦੇ ਅਨੁਸਾਰ ਨਹੀਂ ਹੋ ਸਕਿਆ ਤੇ ਨਤੀਜਨ ਹਜ਼ਾਰਾਂ ਨੌਜਵਾਨ ਵਿਦੇਸ਼ ਜਾਣ ਨੂੰ ਹੀ ਆਪਣਾ ਭਵਿੱਖ ਸਮਝਣ ਲੱਗੇ ਹਨ। ਇਸ ਸਥਿਤੀ ਵਿੱਚ ਕਿੱਤਾ-ਮੁਖੀ ਸਿੱਖਿਆ ਅਤੇ ਹੁਨਰ-ਅਧਾਰਿਤ ਕੋਰਸ ਪੰਜਾਬ ਲਈ ਸਿਰਫ਼ ਇੱਕ ਸਿੱਖਿਅਕ ਵਿਕਲਪ ਹੀ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਲੋੜ ਵੀ ਹੈ।

ਭਾਰਤ ਦੀ ਨਵੀਂ ਸਿੱਖਿਆ ਨੀਤੀ–2020 ਨੇ ਸਪੱਸ਼ਟ ਕੀਤਾ ਹੈ ਕਿ ਸਿੱਖਿਆ ਨੂੰ ਸਿਰਫ਼ ਡਿਗਰੀਆਂ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ। ਇਸ ਦਾ ਮੰਤਵ ਵਿਦਿਆਰਥੀਆਂ ਨੂੰ ਹੁਨਰ, ਨਵੀਨਤਾ, ਉਦਮਸ਼ੀਲਤਾ ਅਤੇ ਰੁਜ਼ਗਾਰ-ਯੋਗਤਾ ਨਾਲ ਜੋੜਨਾ ਹੈ। ਇਸੇ ਲਈ ਸਕੂਲੀ ਪੱਧਰ ਤੋਂ ਹੀ ਕਿੱਤਾ-ਮੁਖੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਨੂੰ ਵੱਖ-ਵੱਖ ਕਿੱਤਿਆਂ ਨਾਲ ਜਾਣੂ ਕਰਵਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਸੋਚ ਪੰਜਾਬ ਵਰਗੇ ਸੂਬੇ ਲਈ ਬਹੁਤ ਮਹੱਤਵਪੂਰਨ ਹੈ।

ਪੰਜਾਬ ਵਿੱਚ ਸਰਕਾਰੀ ਅਤੇ ਨਿੱਜੀ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.), ਪੌਲੀਟੈਕਨਿਕ ਕਾਲਜ, ਕਮਿਊਨਿਟੀ ਕਾਲਜ, ਹੁਨਰ ਵਿਕਾਸ ਕੇਂਦਰ ਅਤੇ ਯੂਨੀਵਰਸਿਟੀਆਂ ਅਨੇਕਾਂ ਕਿੱਤਾ-ਮੁਖੀ ਕੋਰਸ ਚਲਾ ਰਹੀਆਂ ਹਨ। ਇਲੈਕਟ੍ਰੀਸ਼ੀਅਨ, ਫਿਟਰ, ਵੈਲਡਰ, ਮਸ਼ੀਨਿਸਟ, ਕੰਪਿਊਟਰ ਐਪਲੀਕੇਸ਼ਨ, ਪੈਰਾਮੈਡੀਕਲ, ਫਾਰਮੇਸੀ ਸਹਾਇਕ, ਹੋਟਲ ਪ੍ਰਬੰਧਨ, ਫੂਡ ਪ੍ਰੋਸੈਸਿੰਗ, ਫੈਸ਼ਨ ਡਿਜ਼ਾਈਨਿੰਗ, ਗ੍ਰਾਫਿਕ ਡਿਜ਼ਾਈਨਿੰਗ, ਡਿਜ਼ੀਟਲ ਮਾਰਕੀਟਿੰਗ, ਸੌਰ ਊਰਜਾ, ਏਅਰ ਕੰਡੀਸ਼ਨਿੰਗ ਅਤੇ ਰੈਫ੍ਰਿਜਰੇਸ਼ਨ ਵਰਗੇ ਕੋਰਸ ਨੌਜਵਾਨਾਂ ਨੂੰ ਥੋੜ੍ਹੇ ਸਮੇਂ ਵਿੱਚ ਹੀ ਰੁਜ਼ਗਾਰ ਦੇ ਯੋਗ ਬਣਾਉਂਦੇ ਹਨ।

ਪੰਜਾਬ ਦੀ ਆਰਥਿਕਤਾ ਦਾ ਆਧਾਰ ਖੇਤੀ ਹੈ, ਪਰ ਹੁਣ ਖੇਤੀ ਨੂੰ ਵੀ ਵਿਗਿਆਨਕ ਸੋਚ ਅਤੇ ਨਵੀਂ ਤਕਨੀਕ ਦੀ ਲੋੜ ਹੈ। ਜੈਵਿਕ ਖੇਤੀ, ਡਰਿਪ ਸਿੰਚਾਈ, ਮਸ਼ਰੂਮ ਉਤਪਾਦਨ, ਮਧੂ-ਮੱਖੀ ਪਾਲਣ, ਡੇਅਰੀ ਫਾਰਮਿੰਗ, ਮੱਛੀ ਪਾਲਣ, ਫਲ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ, ਖੇਤੀ ਮਸ਼ੀਨਰੀ ਦੀ ਸੰਭਾਲ ਅਤੇ ਐਗਰੀ-ਬਿਜ਼ਨਸ ਨਾਲ ਸੰਬੰਧਿਤ ਕੋਰਸ ਪਿੰਡਾਂ ਦੇ ਨੌਜਵਾਨਾਂ ਲਈ ਆਮਦਨ ਦੇ ਨਵੇਂ ਸਰੋਤ ਬਣ ਸਕਦੇ ਹਨ। ਜੇ ਇਨ੍ਹਾਂ ਨੂੰ ਮੰਡੀਕਰਨ ਅਤੇ ਵਿੱਤੀ ਸਹਾਇਤਾ ਨਾਲ ਜੋੜਿਆ ਜਾਵੇ ਤਾਂ ਪੰਜਾਬ ਦੀ ਪੇਂਡੂ ਆਰਥਿਕਤਾ ਨੂੰ ਨਵੀਂ ਤਾਕਤ ਮਿਲ ਸਕਦੀ ਹੈ।

ਇਸ ਦੇ ਨਾਲ ਹੀ ਸੂਚਨਾ ਤਕਨਾਲੋਜੀ ਨੇ ਰੁਜ਼ਗਾਰ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਅੱਜ ਇੱਕ ਹੁਨਰਮੰਦ ਨੌਜਵਾਨ ਆਪਣੇ ਪਿੰਡ ਤੋਂ ਹੀ ਡਿਜ਼ੀਟਲ ਮਾਰਕੀਟਿੰਗ, ਵੈੱਬ ਡਿਵੈਲਪਮੈਂਟ, ਗ੍ਰਾਫਿਕ ਡਿਜ਼ਾਈਨਿੰਗ, ਵੀਡੀਓ ਐਡੀਟਿੰਗ ਜਾਂ ਫ੍ਰੀਲਾਂਸਿੰਗ ਰਾਹੀਂ ਦੇਸ਼-ਵਿਦੇਸ਼ ਦੀਆਂ ਕੰਪਨੀਆਂ ਨਾਲ ਕੰਮ ਕਰ ਸਕਦਾ ਹੈ। ਇਸ ਲਈ ਲੋੜ ਹੈ ਕਿ ਕਿੱਤਾ-ਮੁਖੀ ਸਿੱਖਿਆ ਨੂੰ ਡਿਜ਼ੀਟਲ ਹੁਨਰਾਂ ਨਾਲ ਜੋੜਿਆ ਜਾਵੇ।

ਦੁੱਖ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਅਜੇ ਵੀ ਕਈ ਲੋਕ ਹੁਨਰ-ਅਧਾਰਿਤ ਸਿੱਖਿਆ ਨੂੰ ਰਵਾਇਤੀ ਡਿਗਰੀਆਂ ਨਾਲੋਂ ਘੱਟ ਸਮਝਦੇ ਹਨ। ਇਹ ਸੋਚ ਬਦਲਣੀ ਪਵੇਗੀ। ਦੁਨੀਆਂ ਦੇ ਵਿਕਸਤ ਦੇਸ਼ਾਂ ਦੀ ਤਰੱਕੀ ਦੇ ਪਿੱਛੇ ਉਨ੍ਹਾਂ ਦੀ ਮਜ਼ਬੂਤ ਹੁਨਰ-ਅਧਾਰਿਤ ਸਿੱਖਿਆ ਪ੍ਰਣਾਲੀ ਹੈ। ਹੁਨਰਮੰਦ ਇਲੈਕਟ੍ਰੀਸ਼ੀਅਨ, ਟੈਕਨੀਸ਼ੀਅਨ, ਮਸ਼ੀਨ ਆਪਰੇਟਰ, ਸਿਹਤ ਕਰਮਚਾਰੀ ਜਾਂ ਡਿਜ਼ੀਟਲ ਪੇਸ਼ੇਵਰ ਵੀ ਸਮਾਜ ਦੇ ਉਤਨੇ ਹੀ ਮਹੱਤਵਪੂਰਨ ਹਿੱਸੇ ਹਨ ਜਿੰਨੇ ਹੋਰ ਪੇਸ਼ਿਆਂ ਨਾਲ ਜੁੜੇ ਲੋਕ।

ਪੰਜਾਬ ਸਰਕਾਰ, ਸਿੱਖਿਆ ਸੰਸਥਾਵਾਂ ਅਤੇ ਉਦਯੋਗਾਂ ਨੂੰ ਮਿਲ ਕੇ "ਇੰਡਸਟਰੀ–ਇੰਸਟੀਚਿਊਟ ਭਾਈਵਾਲੀ" ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਸਿਖਲਾਈ ਦੌਰਾਨ ਹੀ ਉਦਯੋਗਾਂ ਵਿੱਚ ਇੰਟਰਨਸ਼ਿਪ ਅਤੇ ਅਮਲੀ ਤਜਰਬਾ ਮਿਲੇ। ਇਸ ਨਾਲ ਪੜ੍ਹਾਈ ਪੂਰੀ ਹੋਣ ਉਪਰੰਤ ਰੁਜ਼ਗਾਰ ਪ੍ਰਾਪਤ ਕਰਨਾ ਹੋਰ ਆਸਾਨ ਹੋਵੇਗਾ। ਨਾਲ ਹੀ, ਹਰ ਜ਼ਿਲ੍ਹੇ ਵਿੱਚ ਕੈਰੀਅਰ ਕਾਊਂਸਲਿੰਗ ਕੇਂਦਰਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਆਪਣੀ ਯੋਗਤਾ ਅਤੇ ਰੁਚੀ ਅਨੁਸਾਰ ਸਹੀ ਕੋਰਸ ਦੀ ਚੋਣ ਕਰ ਸਕਣ।

ਜੇ ਪੰਜਾਬ ਨੂੰ ਬੇਰੁਜ਼ਗਾਰੀ, ਨਸ਼ਿਆਂ ਅਤੇ ਨੌਜਵਾਨਾਂ ਦੇ ਲਗਾਤਾਰ ਵਿਦੇਸ਼ੀ ਪਲਾਇਨ ਵਰਗੀਆਂ ਚੁਣੌਤੀਆਂ ਦਾ ਟਿਕਾਊ ਹੱਲ ਲੱਭਣਾ ਹੈ ਤਾਂ ਕਿੱਤਾ-ਮੁਖੀ ਸਿੱਖਿਆ ਨੂੰ ਸਿੱਖਿਆ ਪ੍ਰਣਾਲੀ ਦੇ ਕੇਂਦਰ ਵਿੱਚ ਲਿਆਉਣਾ ਹੋਵੇਗਾ। ਇਹ ਸਿਰਫ਼ ਰੁਜ਼ਗਾਰ ਦਾ ਸਾਧਨ ਨਹੀਂ, ਸਗੋਂ ਆਤਮ-ਵਿਸ਼ਵਾਸ, ਸਵੈ-ਨਿਰਭਰਤਾ ਅਤੇ ਸਨਮਾਨਜਨਕ ਜੀਵਨ ਦਾ ਆਧਾਰ ਹੈ।

ਸਮੇਂ ਦੀ ਮੰਗ ਹੈ ਕਿ ਅਸੀਂ "ਹਰ ਹੱਥ ਨੂੰ ਹੁਨਰ, ਹਰ ਨੌਜਵਾਨ ਨੂੰ ਮੌਕਾ" ਦਾ ਸੰਕਲਪ ਅਪਣਾਈਏ। ਜਦੋਂ ਪੰਜਾਬ ਦਾ ਨੌਜਵਾਨ ਆਪਣੇ ਹੁਨਰ ਦੇ ਬਲ 'ਤੇ ਆਪਣੇ ਹੀ ਸੂਬੇ ਵਿੱਚ ਤਰੱਕੀ ਕਰੇਗਾ, ਤਦੋਂ ਹੀ ਖੁਸ਼ਹਾਲ, ਆਤਮਨਿਰਭਰ ਅਤੇ ਵਿਕਸਤ ਪੰਜਾਬ ਦਾ ਸੁਪਨਾ ਸਾਕਾਰ ਹੋਵੇਗਾ।

## ਤੋਤਾ



ਬੁਲਬੁਲ ਤੋਂ ਮਗਰੋਂ ਮਿਠਾਸ ਨਾਲ ਭਰੀ ਚੁੰਝ ਲੈ ਕੇ
ਤੋਤਾ ਅੱਗੇ ਆਇਆ।
ਹਰੀ ਪੁਸ਼ਾਕ ਤੇ ਗੱਲੇ ਦੁਆਲੇ ਸੁਨਿਹਰੀ ਗਾਨੀ ਪਹਿਨੀ।
ਜਿਸਦੀ ਪ੍ਰਤਿਭਾ ਅੱਗੇ ਸ਼ਿਕਾਰੀ ਇੱਕ ਪਿੱਸੂ ਸਮਾਨ ਹੈ।

ਜਿਸ ਹਰੀ ਚਾਦਰ ਦੀ ਧਰਤੀ ਨੇ ਬੁੱਕਲ ਮਾਰੀ ਹੋਈ ਹੈ
ਉਹ ਚਾਦਰ ਤੋਤੇ ਦੇ ਪਰਛਾਵੇਂ
ਕਾਰਨ ਹੀ ਹਰੀ ਭਾਅ ਮਾਰਦੀ ਹੈ।

ਉਸਦੇ ਸ਼ਬਦਾਂ ਵਿਚ ਸ਼ਹਿਦ ਜਿਉਂਦਾ ਹੈ।
ਆਪ ਹੀ ਸੁਣ ਲਵੋ, ਦੇਖੋ ਕਿੰਨਾ ਆਕਰਸ਼ਕ ਹਾਂ ਮੈਂ
ਪਰ ਪਿੰਜਰੇ ਵਿਚ ਕੈਦ ਕਰ ਦਿੰਦੇ ਨੇ
ਲੋਹੇ ਦੇ ਦਿਲ ਵਾਲੇ ਨੀਚ ਮਨੁੱਖ।

ਮੈਂ ਤਾਂ ਤੇਜ਼ੀ ਨਾਲ ਬੀਤ ਜਾਣ ਵਾਲੇ ਇਸ ਕੈਦ 'ਚ
ਆਬ-ਏ-ਹਯਾਤ ਲੋਚਦਾ ਹਾਂ।
ਜਿਸ ਦੀ ਖ਼ਵਾਜਾ ਖਿਜ਼ਰ ਰਖਿਆ ਕਰਦਾ ਹੈ।
ਮੈਂ ਤਾਂ ਹਰਾ ਲਿਬਾਸ ਪਹਿਨਿਆ ਹੈ।

ਤੋਤੇ ਵਿਚ ਇਤਨੀ ਹਿੰਮਤ ਨਹੀਂ ਹੈ
ਸੀਮੁਰਗ ਦੇ ਖੰਭਾਂ ਤੱਕ ਪਹੁੰਚਣ ਦੀ ਕੋਈ ਕਰੇ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਪਰਮਾਤਮਾ ਦਾ ਦੀਵਾਨਾ
ਇਕ ਆਦਮੀ ਸੀ,
ਮਿੱਤਰ ਪਿਆਰੇ ਦੇ ਇਸ਼ਕ ਵਿਚ ਪਾਗ਼ਲ।
ਉਸ ਨੇ ਕਿਹਾ: "ਹੇ ਪਰਮ ਮਨੁੱਖ,
ਕੀ ਤੂੰ ਮੇਰਾ ਮਿੱਤਰ ਬਣੇਗਾ?"

ਮਸਤਾਨੇ ਨੇ ਜਵਾਬ ਦਿੱਤਾ:
"ਆਪਾਂ ਦੋਵੇਂ ਸਮਾਨ ਨਹੀਂ।
ਤੂੰ ਅਮਰ ਕਰ ਦੇਣ ਵਾਲੇ
ਆਬ-ਏ-ਹਯਾਤ ਦੇ ਕਈ ਘੁੱਟ ਪੀਤੇ ਹਨ।
ਸੋ ਤੂੰ ਰਹਿ। ਮੈਂ ਆਪਣੀ ਜਾਨ ਕੁਰਬਾਨ ਕਰਨੀ ਲੋਚਦਾ ਹਾਂ।

ਮੇਰਾ ਕੋਈ ਮਿੱਤਰ ਨਹੀਂ ਹੈ,
ਨਾ ਹੀਂ ਮੈਂ ਕਿਸੇ ਨੂੰ ਜਾਣਦਾ ਹਾਂ।
ਮੈਂ ਆਪਣੇ ਆਪ ਦੀ ਰੱਖਿਆ ਕਿਸ ਤਰ੍ਹਾਂ ਕਰਾਂ,
ਜਦਕਿ ਤੂੰ ਆਪਣੇ ਜੀਵਨ ਦੀ ਸੰਭਾਲ ਵਿੱਚ ਲਗਾ ਹੋਇਆ ਹੈਂ।

ਮੈਂ ਆਪਣੇ ਆਪ ਨੂੰ ਹਰ ਪਲ ਨਿਛਾਵਰ ਕਰਨ 'ਤੇ ਕਾਇਮ ਹਾਂ।
ਸੋ ਚੰਗਾ ਹੈ ਮੇਰੇ ਨਾਲ ਦੋਸਤੀ ਨਾ ਕਰ।
ਮੇਰਾ ਕੀ ਪਤਾ ਕਦੋਂ ਛੱਡ ਜਾਵਾਂ,
ਇਹ ਸਭ ਉਹਨਾਂ ਪੰਛੀਆਂ ਵਾਂਗ
ਜੋ ਜਾਲ 'ਚੋਂ ਬੱਚ ਕੇ ਨਿਕਲ ਜਾਂਦੇ ਹਨ।
ਇਸ ਲਈ ਅਲਵੀਦਾ।"

## ਭਾਈ ਖਾਲੜਾ ਅਤੇ ਮੇਰੇ ਚਾਚਾ ਜੀ

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ



ਕੱਲ੍ਹ ਜਦੋਂ ਮੈਂ, ਦਿਲਜੀਤ ਦੁਸਾਂਝ ਵੱਲੋਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਉੱਤੇ ਬਣਾਈ 'ਸਤਲੁਜ' ਫ਼ਿਲਮ ਵੇਖੀ ਤਾਂ ਮਨ ਬੜਾ ਭਾਵੁਕ ਹੋਇਆ ਕਿ ਕਿਵੇਂ ਲਾਵਾਰਿਸ ਲਾਸ਼ਾਂ ਦੇ ਵਾਰਿਸ ਨੂੰ ਵੀ ਲਵਾਰਿਸ ਬਣਾ ਦਿੱਤਾ ਗਿਆ। ਜਦੋਂ ਭਾਈ ਖਾਲੜਾ ਨੂੰ ਪੁਲੀਸ ਵੱਲੋਂ ਚੁੱਕਣ ਤੋਂ ਬਾਅਦ ਕੰਗ ਪਿੰਡ ਦੀ ਪੁਲੀਸ ਚੌਂਕੀ ਵਿੱਚ ਲਿਜਾਇਆ ਗਿਆ ਤੇ ਓਥੇ ਤਿੰਨ ਦਿਨ ਰੱਖ ਕੇ ਘੋਰ ਤਸੀਹੇ ਦਿੱਤੇ ਗਏ ਤਾਂ ਮੈਨੂੰ ਯਾਦ ਆ ਗਿਆ ਕਿ ਮੇਰੇ ਚਾਚਾ ਜੀ ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ (ਪੱਟੀ) ਨੂੰ ਵੀ ਪੁਲੀਸ ਨੇ ਅੰਮ੍ਰਿਤਸਰੋਂ ਚੁੱਕ ਕੇ ਤਿੰਨ ਦਿਨ ਕੰਗ ਪਿੰਡ ਦੀ ਚੌਂਕੀ ਵਿੱਚ ਹੀ ਰੱਖਿਆ ਸੀ ਤੇ ਜ਼ਾਲਮਾਨਾ ਤਸੀਹੇ ਦਿੱਤੇ ਗਏ ਸਨ। ਜਿਸ ਜੱਲਾਦ ਐੱਸ.ਐੱਸ.ਪੀ. ਅਜੀਤ ਸੰਧੂ ਨੇ ਭਾਈ ਖਾਲੜਾ ਨੂੰ ਸ਼ਹੀਦ ਕੀਤਾ ਸੀ, ਉਸੇ ਨੇ ਹੀ ਮੇਰੇ ਚਾਚਾ ਜੀ ਨੂੰ ਵੀ ਸ਼ਹੀਦ ਕੀਤਾ ਸੀ।
ਮੇਰੇ ਚਾਚਾ ਜੀ ਨੂੰ ਐੱਸ.ਪੀ. (ਡੀ) ਦਿਲਬਾਗ ਸਿਹੁੰ ਤੇ ਕੰਗ ਚੌਂਕੀ ਦਾ ਥਾਣੇਦਾਰ ਚੌਧਰੀ ਗੁਲਜਾਰ ਚੰਦ ਘਰੋਂ ਚੁੱਕ ਕੇ ਲੈ ਗਿਆ ਸੀ। ਪਹਿਲਾਂ ਕੰਗ ਚੌਂਕੀ ਤੇ ਫਿਰ ਤਰਨ ਤਾਰਨ ਦੇ ਸਿਟੀ ਥਾਣੇ ਵਿੱਚ ਅਣਮਨੁੱਖੀ ਤਸ਼ੱਦਦ ਕਰਕੇ ਬਾਠ ਪਿੰਡ ਦੀ ਭੁੱਲਰ ਵਾਲ਼ੀ ਨਹਿਰ 'ਤੇ ਲਿਜਾ ਕੇ 30 ਜੂਨ 1993 ਨੂੰ ਗੋਲ਼ੀਆਂ ਮਾਰ ਦਿੱਤੀਆਂ ਸਨ ਤੇ ਅਗਲੇ ਦਿਨ ਅਖ਼ਬਾਰਾਂ 'ਚ ਛਪਿਆ ਕਿ ਮੁਕਾਬਲੇ ਵਿੱਚ ਪੰਜ ਖਾੜਕੂ ਮਾਰੇ ਗਏ ਤੇ ਘਟਨਾ ਤੋਂ ਏਨੇ ਹਥਿਆਰ ਪ੍ਰਾਪਤ ਹੋਏ ਹਨ। ਉਹਨਾਂ ਦੀਆਂ ਸ਼ਹੀਦੀ ਦੇਹਾਂ ਤਰਨ ਤਾਰਨ ਦੇ ਸ਼ਮਸ਼ਾਨ ਘਾਟ ਵਿੱਚ ਲਾਵਾਰਿਸ ਕਹਿ ਕੇ ਸਾੜ ਦਿੱਤੀਆਂ ਗਈਆਂ ਸਨ ਜਿੱਥੇ ਬਾਅਦ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਪਹੁੰਚੇ ਸਨ ਤੇ ਫਿਰ ਉਹਨਾਂ ਨੇ ਅਦਾਲਤ 'ਚ ਕੇਸ ਵੀ ਲਾਇਆ ਸੀ।

ਪਰ 6 ਸਤੰਬਰ 1995 ਨੂੰ ਪੁਲੀਸ ਮੁਖੀ ਬੁੱਚੜ ਕੇ.ਪੀ.ਐੱਸ. ਗਿੱਲ ਦੇ ਦਰਿੰਦੇ ਅਜੀਤ ਸੰਧੂ ਨੇ ਪੁਲਿਸ ਤੋਂ ਭਾਈ ਖਾਲੜਾ ਨੂੰ ਵੀ ਅੰਮ੍ਰਿਤਸਰ ਵਿਖੇ ਕਬੀਰ ਪਾਰਕ 'ਚੋਂ ਉਹਨਾਂ ਦੀ ਕੋਠੀ ਨੰਬਰ ਅੱਠ ਤੋਂ ਗੇਟ ਅੱਗਿਉਂ ਗੱਡੀ ਧੋਂਦਿਆਂ ਚੁਕਵਾ ਦਿੱਤਾ ਸੀ ਤੇ ਫਿਰ ਤਿੰਨ ਦਿਨ ਕੰਗ ਪਿੰਡ ਦੀ ਚੌਂਕੀ, ਫਿਰ ਸਰਹਾਲੀ, ਮਾਨੋਚਾਹਲ ਤੇ ਫਿਰ ਝਬਾਲ ਦੇ ਨੇੜੇ ਕਿਸੇ ਕੋਠੀ ਵਿੱਚ ਉਹਨਾਂ ਨੂੰ ਘੋਰ ਤਸੀਹੇ ਦਿੱਤੇ। ਫਿਰ ਮਾਨਾਂਵਾਲਾ ਵਿਖੇ ਅਜੀਤ ਸੰਧੂ ਦੇ ਫਾਰਮ 'ਚ ਲੈ ਕੇ ਗਏ ਜਿੱਥੇ ਕੇ.ਪੀ.ਐੱਸ. ਵੀ ਆਇਆ ਸੀ ਅਤੇ ਫਿਰ ਝਬਾਲ ਥਾਣੇ ਵਿੱਚ ਕੁਝ ਦਿਨ ਰੱਖ ਕੇ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਉਹਨਾਂ ਦੀ ਸ਼ਹੀਦੀ ਦੇਹ ਹਰੀਕੇ ਦਰਿਆ ਵਿੱਚ ਸੁੱਟ ਦਿੱਤੀ ਸੀ। ਭਾਈ ਖਾਲੜਾ ਨੂੰ ਚੁੱਕਣ ਤੋਂ ਬਾਅਦ ਤਕਰੀਬਨ 48 ਦਿਨਾਂ ਬਾਅਦ ਸ਼ਹੀਦ ਕੀਤਾ ਗਿਆ ਸੀ, ਏਨੇ ਦਿਨਾਂ ਦੌਰਾਨ ਉਹ ਪੁਲਿਸ ਜ਼ੁਲਮ ਅੱਗੇ ਰੱਤਾ ਵੀ ਝੁਕੇ ਨਹੀਂ ਸਨ।

ਭਾਈ ਖਾਲੜਾ ਤੇ ਮੇਰੇ ਚਾਚਾ ਜੀ ਨਾਲ਼ ਜੋ ਹੋਇਆ, ਇਹ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ, ਬਜ਼ੁਰਗਾਂ ਤੇ ਬੀਬੀਆਂ ਨਾਲ਼ ਵੀ ਵਾਪਰਿਆ ਜਿਨ੍ਹਾਂ ਨੂੰ ਅਜ਼ਾਦ ਭਾਰਤ ਵਿੱਚ ਸਿੱਖ ਹੋਣ ਦੀ ਸਜ਼ਾ ਦਿੱਤੀ ਗਈ, ਸਰਕਾਰ ਦੇ ਜ਼ੁਲਮ ਵਿਰੁੱਧ ਬੋਲਣਾ ਜਿਨ੍ਹਾਂ ਦਾ ਜੁਰਮ ਬਣ ਗਿਆ ਸੀ। ਮੇਰੇ ਚਾਚਾ ਜੀ ਨੂੰ ਘੱਲੂਘਾਰੇ ਦੇ ਵਿਰੋਧ ਵਿੱਚ ਜੁਝਾਰੂ ਲਹਿਰ ਵਿੱਚ ਕੁੱਦਣਾ ਪਿਆ ਤੇ ਭਾਈ ਖਾਲੜਾ ਜੀ ਨੇ ਕਲਮ ਚੁੱਕ ਕੇ ਕਾਨੂੰਨੀ ਲੜਾਈ ਲੜੀ ਸੀ। ਉਹਨਾਂ ਨੇ ਕਲਮ ਨੂੰ ਆਪਣਾ ਹਥਿਆਰ ਬਣਾਇਆ ਤੇ ਸਿਸਟਮ ਨੂੰ ਹਿਲਾ ਦਿੱਤਾ। ਪਰ ਪੁਲਿਸ ਨੂੰ ਕਲਮ ਅਤੇ ਹਥਿਆਰ ਦੋਵੇਂ ਹੀ ਮਨਜ਼ੂਰ ਨਹੀਂ ਸਨ।

ਪੁਲੀਸ ਵੱਲੋਂ ਦੇਸ਼ ਦੀ ਏਕਤਾ, ਅਖੰਡਤਾ ਅਤੇ ਸ਼ਾਂਤੀ ਦੇ ਨਾਂ 'ਤੇ ਪੰਜਾਬ ਵਿੱਚ ਜ਼ੁਲਮ ਦੀਆਂ ਨਦੀਆਂ ਵਹਾ ਦਿੱਤੀਆਂ ਗਈਆਂ। ਜ਼ਕਰੀਆ ਖ਼ਾਂ, ਮੀਰ ਮੰਨੂ ਤੇ ਲਖਪਤ ਰਾਏ ਦੇ ਜ਼ੁਲਮ ਹਿੰਦ ਸਰਕਾਰ ਦੇ ਜ਼ੁਲਮਾਂ ਅੱਗੇ ਛੋਟੇ ਪੈ ਗਏ ਸਨ। ਨਾ ਮਾਂਵਾਂ ਦੇ ਪੁੱਤ ਵਾਪਸ ਆਏ, ਨਾ ਭੈਣਾਂ ਦੇ ਵੀਰ। ਹੱਸਦੇ ਵੱਸਦੇ ਘਰ ਉੱਜੜ ਗਏ, ਹਜ਼ਾਰਾਂ ਬੀਬੀਆਂ ਵਿਧਵਾ ਹੋ ਗਈਆਂ ਤੇ ਬੱਚਿਆਂ ਦੇ ਸਿਰ 'ਤੇ ਬਾਪ ਦਾ ਸਾਇਆ ਨਾ ਰਿਹਾ, ਚੁੱਲ੍ਹਿਆਂ ਵਿੱਚ ਘਾਹ ਉੱਗ ਆਇਆ। ਪੁਲਿਸ ਵੱਲੋਂ ਸਿੱਖਾਂ ਦੇ ਘਰਾਂ ਵਿੱਚ ਪਾਏ ਵੈਣ ਅਤੇ ਚੀਕ-ਚਿਹਾੜੇ ਦੀਆਂ ਅਵਾਜ਼ਾਂ ਮੈਂ ਅੱਜ ਵੀ ਸ਼ਹੀਦਾਂ ਦੇ ਘਰਾਂ ਵਿੱਚ ਜਾ ਕੇ ਸੁਣਦਾ ਹਾਂ। ਮਾਂਵਾਂ ਆਪਣੇ ਪੁੱਤਾਂ ਦੀਆਂ ਤੇ ਪਤਨੀਆਂ ਆਪਣੇ ਪਤੀਆਂ ਦੀਆਂ ਫ਼ੋਟੋਆਂ ਨੂੰ ਚੁੰਨੀ ਨਾਲ਼ ਸਾਫ਼ ਕਰਦਿਆਂ ਅੱਜ ਵੀ ਹੋਕੇ ਲੈਂਦੀਆਂ ਹਨ। ਪੁਲੀਸ ਨੇ ਪੰਜਾਬ ਨੂੰ ਸ਼ਮਸ਼ਾਨ ਘਾਟ ਵਿੱਚ ਬਦਲ ਕੇ ਸ਼ਾਂਤੀ ਲਿਆਂਦੀ, ਬੇਦੋਸ਼ੇ ਸਿੱਖ ਨੌਜਵਾਨਾਂ ਦੇ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਫੀਤੀਆਂ, ਸਟਾਰ, ਤਰੱਕੀਆਂ ਤੇ ਇਨਾਮ ਪ੍ਰਾਪਤ ਕੀਤੇ, ਪੁਲਿਸ ਨੇ ਪੱਠਿਆਂ ਵਾਲ਼ੀ ਮਸ਼ੀਨ ਬਣ ਕੇ ਉਸ ਵਿੱਚ ਸਿੱਖਾਂ ਨੂੰ ਕੁਤਰਿਆ ਤੇ ਪੂਰੇ ਪੰਜਾਬ ਨੂੰ ਹੀ ਜ਼ੁਲਮ ਦੀ ਭੱਠੀ ਵਿੱਚ ਝੋਕ ਦਿੱਤਾ ਸੀ।

ਨਾ ਮੈਨੂੰ ਜਲੰਧਰ ਦੀ ਜੇਲ੍ਹ ਭੁੱਲਦੀ ਜਿੱਥੇ ਇੱਕ ਕੁ ਸਾਲ ਦੀ ਉਮਰ 'ਚ ਮੈਂ ਆਪਣੇ ਚਾਚਾ ਜੀ ਨੂੰ ਆਪਣੇ ਮਾਂ-ਬਾਪ ਨਾਲ਼ ਮਿਲ਼ਣ ਗਿਆ ਸੀ ਤੇ ਚਾਚਾ ਜੀ ਨੇ ਸੀਖਾਂ-ਜਾਲੀਆਂ ਵਿੱਚੋਂ ਹੱਥ ਕੱਢ ਕੇ ਮੇਰੇ ਸਿਰ ਉੱਤੇ ਫੇਰਿਆ ਸੀ, ਨਾ ਮੈਨੂੰ ਕੱਪੜੇ ਸਿਊਣ ਵਾਲ਼ੀ ਉਹ ਮਸ਼ੀਨ ਭੁੱਲਦੀ ਜਿਸ ਨੂੰ ਕਮਰੇ ਤੋਂ ਵਿਹੜੇ ਵਿੱਚ ਕੱਢਣ ਸਮੇਂ ਚਾਚਾ ਜੀ ਨੂੰ ਪੁਲੀਸ ਨੇ ਘਰ ਵਿੱਚ ਛਾਪਾ ਮਾਰ ਕੇ ਫੜ ਲਿਆ ਸੀ, ਨਾ ਮੈਨੂੰ ਉਹ ਡੀ.ਸੀ.ਐੱਮ ਟਰੱਕ ਭੁੱਲਦਾ ਜਿਸ ਵਿੱਚ ਚਾਚਾ ਜੀ ਨੂੰ ਬਿਠਾ ਕੇ ਲੈ ਗਏ ਸਨ, ਨਾ ਮੈਨੂੰ ਕੰਗ ਪਿੰਡ ਦੀ ਪੁਲੀਸ ਚੌਂਕੀ ਭੁੱਲਦੀ ਜਿੱਥੇ ਮੇਰੇ ਪਾਪਾ ਤੇ ਦਾਦੀ ਜੀ ਪੁਲਿਸ ਅੱਗੇ ਸ਼ੀਰੇ ਨੂੰ ਛੁਡਾਉਣ ਲਈ ਹਾੜ੍ਹੇ ਕੱਢਦੇ ਸਨ, ਨਾ ਬਾਠ ਪਿੰਡ ਦੀ ਉਹ ਭੁੱਲਰ ਵਾਲ਼ੀ ਨਹਿਰ ਭੁੱਲਦੀ ਜਿੱਥੇ ਉਹਨਾਂ ਦਾ ਝੂਠਾ ਮੁਕਾਬਲਾ ਬਣਾਇਆ ਗਿਆ ਸੀ, ਨਾ ਮੈਨੂੰ ਅਜੀਤ ਸੰਧੂ ਭੁੱਲਦਾ ਤੇ ਨਾ ਮੈਨੂੰ ਗੁਲਜਾਰ ਚੰਦ ਭੁੱਲਦਾ ਜਿਸ ਨੇ ਚਾਚਾ ਜੀ ਨੂੰ ਤਸੀਹੇ ਦਿੱਤੇ ਤੇ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਨਾ ਮੈਨੂੰ ਉਹ ਬੋਲ ਭੁੱਲਦੇ ਨੇ ਜੋ ਮੇਰੇ ਜਨਮ ਸਮੇਂ ਚਾਚਾ ਜੀ ਨੇ ਕਹੇ ਸਨ ਕਿ "ਆ ਗਿਆ ਮੇਰੇ ਵੰਡੇ ਦਾ ਰਣਜੀਤ ਸਿੰਘ, ਹੁਣ ਮੈਂ ਸ਼ਹੀਦੀ ਪਾ ਜਾਣੀ ਏਂ।"

ਮੈਂ ਜਦ ਵੀ ਹਰੀਕੇ ਦਰਿਆ ਉੱਤੋਂ ਦੀ ਲੰਘਦਾ ਹਾਂ ਤਾਂ ਮੈਨੂੰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਆ ਜਾਂਦੀ ਹੈ ਤੇ ਉਸ ਪਾਣੀ ਵੱਲ ਵੇਖ ਕੇ ਭਾਈ ਖਾਲੜਾ ਤੇ ਹੋਰ ਅਨੇਕਾਂ ਨੌਜਵਾਨ ਦਿਸਦੇ ਮਹਿਸੂਸ ਹੁੰਦੇ ਨੇ। ਤੇ ਭਾਈ ਖਾਲੜਾ ਦੇ ਬੋਲ ਯਾਦ ਆਉਂਦੇ ਨੇ ਕਿ "ਸਾਨੂੰ ਮਾਰ ਕੇ ਵੀ ਹੁਣ ਪੁਲਿਸ ਆਪਣੇ ਗੁਨਾਹਾਂ 'ਤੇ ਪਰਦਾ ਨਹੀਂ ਪਾ ਸਕਦੀ, ਸੱਚ ਨਹੀਂ ਦਬਾ ਸਕਦੀ।" "ਜਿੱਥੇ ਗੁਰੂ ਤੋਂ ਦੁੱਧ ਮੰਗਦੇ ਹੋ, ਪੁੱਤ ਮੰਗਦੇ ਹੋ, ਓਥੇ ਸ਼ਹਾਦਤ ਦੀ ਦਾਤ ਵੀ ਮੰਗਿਆ ਕਰੋ ਕਿਉਂਕਿ ਗੁਰੂ, ਗੱਦੀ ਤਾਂ ਕਿਸੇ ਨੂੰ ਹੁਣ ਦਿੰਦਾ ਨਹੀਂ ਪਰ ਇਕ ਚੀਜ਼ ਹੈ ਜੋ ਗੁਰੂ ਹਰ ਸਿੱਖ ਨੂੰ ਦਿੰਦਾ ਹੈ ਉਹ ਹੈ ਸ਼ਹੀਦੀ ਦੀ ਦਾਤ, ਸਿੱਖ ਇਤਿਹਾਸ ਵਿੱਚ ਜੇਕਰ ਗੁਰੂ ਸਾਹਿਬ ਤੋਂ ਬਾਅਦ ਸਭ ਤੋਂ ਵੱਧ ਸਤਿਕਾਰ ਕਿਸੇ ਦਾ ਕੀਤਾ ਜਾਂਦਾ ਹੈ ਤਾਂ ਉਹ ਸ਼ਹੀਦਾਂ ਦਾ ਹੈ।" "ਖ਼ਾਲਸਾ ਦੁਨੀਆਂ ਦੇ ਲੋਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਸਾਜਿਆ ਗਿਆ ਸੀ ਪਰ ਅੱਜ ਜੇਕਰ ਅਸੀਂ ਆਪਣੇ ਹੀ ਹੱਕਾਂ ਦੀ ਰਾਖੀ ਨਾ ਕਰ ਸਕੇ ਤਾਂ ਕਿਸੇ ਹੋਰ ਦਾ ਕੀ ਸਵਾਰ ਦੇਵਾਂਗੇ ? ਇਸ ਕਰਕੇ ਗੁਰੂ ਪਾਸ ਅਰਦਾਸ ਕਰੋ ਕਿ ਸਾਨੂੰ ਜਿਸ ਕੰਮ ਲਈ ਸਾਜਿਆ ਗਿਆ ਸੀ ਉਸ ਉੱਤੇ ਕਾਇਮ ਰਹੀਏ।"

ਭਾਵੇਂ ਕਿ ਭਾਈ ਖਾਲੜਾ ਤੇ ਮੇਰੇ ਚਾਚਾ ਜੀ ਸ਼ਹੀਦ ਹੋ ਗਏ ਹਨ, ਪਰ ਸ਼ਹੀਦ ਕਦੇ ਮਰਦੇ ਨਹੀਂ, ਉਹ ਸਦਾ ਅਮਰ ਰਹਿੰਦੇ ਨੇ। ਉਹਨਾਂ ਨੂੰ ਸ਼ਹੀਦ ਕਰਨ ਵਾਲ਼ਾ ਅਜੀਤ ਸੰਧੂ ਖ਼ੁਦਕੁਸ਼ੀ ਕਰਕੇ ਮਰਿਆ ਤੇ ਕੇ.ਪੀ.ਐੱਸ. ਗਿੱਲ ਬਿਮਾਰੀ ਨਾਲ਼ ਅੱਡੀਆਂ ਰਗੜ-ਰਗੜ ਕੇ ਮਰਿਆ ਤੇ ਮੁੱਖ ਮੰਤਰੀ ਬੇਅੰਤ ਸਿਹੁੰ ਨੂੰ ਜੁਝਾਰੂ ਸਿੰਘਾਂ ਨੇ ਬੰਬ ਨਾਲ਼ ਉਡਾ ਦਿੱਤਾ ਸੀ। ਕਾਨੂੰਨੀ ਪੱਖ ਤੋਂ ਲੰਬੀ ਲੜਾਈ ਲੜਨ ਤੋਂ ਬਾਅਦ ਕੁਝ ਪੁਲਸੀਆਂ ਨੂੰ ਸਜ਼ਾਵਾਂ ਹੋਈਆਂ ਤੇ ਕੁਝ ਸ਼ਹੀਦਾਂ ਦੀਆਂ ਰੂਹਾਂ ਤੋਂ ਡਰਦੇ ਰਾਤਾਂ ਨੂੰ ਉੱਠ-ਉੱਠ ਕੇ ਚੀਕਾਂ ਮਾਰਦੇ ਰਹੇ ਸਨ।

ਅਖ਼ੀਰ 'ਤੇ ਬੇਨਤੀ ਕਰਾਂਗਾ ਕਿ ਮਰਨਾ ਤਾਂ ਸਭ ਨੇ ਹੈ, ਪਰ ਆਪਾਂ ਭਾਈ ਖਾਲੜਾ ਵਾਂਗ ਪੰਥ ਤੇ ਪੰਜਾਬ ਲਈ ਕੁਝ ਕਰਕੇ ਫ਼ਤਹਿ ਦੇ ਜੈਕਾਰੇ ਗਜਾਉਂਦੇ ਹੋਏ ਇਸ ਸੰਸਾਰ ਤੋਂ ਜਾਈਏ ਕਿ ਸਦਾ ਗੂੰਜ ਪੈਂਦੀ ਰਹੇ। ਸ਼ਹੀਦਾਂ ਦੇ ਕੌਮੀ ਨਿਸ਼ਾਨੇ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਹੋਈਏ। ਭਾਈ ਖਾਲੜਾ ਜੀ ਨੇ ਪੱਚੀ ਹਜ਼ਾਰ ਲਾਵਾਰਿਸ ਲਾਸ਼ਾਂ ਦਾ ਮੁੱਦਾ ਚੁੱਕਿਆ, ਇਨਸਾਫ਼ ਲਈ ਸੀ.ਬੀ.ਆਈ. ਦੀ ਜਾਂਚ ਦੀ ਮੰਗ ਕੀਤੀ ਤੇ ਸਰਕਾਰੀ ਦਹਿਸ਼ਤਗਰਦੀ ਨੂੰ ਡਟ ਕੇ ਵੰਗਾਰਿਆ ਤੇ ਇੱਕ ਸੱਚੇ ਸਿੱਖ ਹੋਣ ਦਾ ਫਰਜ ਨਿਭਾਇਆ, ਉਹ ਸਿੱਖ ਸੰਘਰਸ਼ ਦੇ ਨਾਇਕ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਸਨ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੋਚ, ਸੰਘਰਸ਼, ਕੁਰਬਾਨੀ, ਘਾਲਣਾ ਤੇ ਸ਼ਹਾਦਤ ਨੂੰ ਪ੍ਰਣਾਮ।

## ਪੀ.ਏ.ਯੂ. ਦੇ ਵਿਦਿਆਰਥੀ ਨੂੰ ਬਹੁ ਰਾਸ਼ਟਰੀ ਕੰਪਨੀ ਵਿਚ ਕੰਮ ਕਰਨ ਦਾ ਮੌਕਾ ਮਿਲੇਗਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 10 ਜੁਲਾਈ : ਪੀ.ਏ.ਯੂ. ਦੇ ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ ਵਿਚ ਬੀ ਟੈੱਕ (ਖੇਤੀ ਇੰਜਨੀਅਰਿੰਗ) ਦੇ ਵਿਦਿਆਰਥੀ ਸ਼੍ਰੀ ਵਿਸ਼ਾਲ ਸੂਦ ਨੂੰ ਐਮਾਜ਼ੋਨ ਕੰਪਨੀ ਵਿਚ ਕੰਮ ਕਰਨ ਬਦਲੇ 20 ਲੱਖ ਸਲਾਨਾ ਦਾ ਤਨਖਾਹ ਪੈਕੇਜ ਹਾਸਲ ਹੋਇਆ ਹੈ| ਜ਼ਿਕਰਯੋਗ ਹੈ ਕਿ ਬੀ ਟੈੱਕ ਦੇ ਗ੍ਰੈਜੂਏਟਾਂ ਨੂੰ ਇਸ ਤੋਂ ਇਲਾਵਾ ਵੀ ਉੱਚ ਪੱਧਰੀ ਕੰਪਨੀਆਂ ਦੇ ਕਰਾਰਨਾਮੇ ਹਾਸਲ ਹੋਏ ਹਨ| ਇਹ ਵੀ ਧਿਆਨਦੇਣ ਯੋਗ ਹੈ ਕਿ ਵਿਸ਼ਾਲ ਮੁੱਢਲੇ ਰੂਪ ਵਿਚ ਐਮਾਜ਼ੋਨ ਨਾਲ ਇਕ ਲੱਖ 10 ਹਜ਼ਾਰ ਰੁਪਏ ਮਹੀਨੇ ਉੱਪਰ ਸਿਖਿਆਰਥੀ ਵਜੋਂ ਆਪਣਾ ਕੰਮ ਸ਼ੁਰੂ ਕਰੇਗਾ| ਉਸਦੀ ਤਨਖਾਹ ਕੰਮ ਅਤੇ ਪ੍ਰਦਰਸ਼ਨ ਦੇ ਹਿਸਾਬ ਨਾਲ ਇਜ਼ਾਫਾ ਹਾਸਲ ਕਰਦੀ ਜਾਏਗੀ| ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਖੇਤੀ ਇੰਜਨੀਅਰਿੰਗ ਕਾਲਜ ਦੇ ਡੀਨ ਡਾ. ਮਨਜੀਤ ਸਿੰਘ ਅਤੇ ਕਾਲਜ ਦੇ ਪਲੇਸਮੈਂਟ ਸੈੱਲ ਦੇ ਇੰਚਾਰਜ ਡਾ. ਸਤੀਸ਼ ਕੁਮਾਰ ਗੁਪਤਾ ਨੇ ਸ਼੍ਰੀ ਵਿਸ਼ਾਲ ਸੂਦ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਹੋਰ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਮੌਕਾ ਕਿਹਾ|